# Telephone Conversation between PM and the President of the Republic of France

March 31, 2020

## ਪ੍ਰਧਾਨ ਮੰਤਰੀ ਅਤੇ ਫਰਾਂਸੀਸੀ ਗਣਤੰਤਰ ਦੇ ਰਾਸ਼ਟਰਪਤੀ ਵਿਚਾਲੇ ਟੈਲੀਫੋਨ 'ਤੇ ਗੱਲਬਾਤ

31 ਮਾਰਚ, 2020

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਫਰਾਂਸੀਸੀ ਗਣਤੰਤਰ ਦੇ ਰਾਸ਼ਟਰਪਤੀ ਮਹਾਮਹਿਮ ਇਮੈਨੁਅਲ ਮੈਕਰੋਂ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ ਮਹਾਮਹਿਮ ਰਾਸ਼ਟਰਪਤੀ ਮੈਕਰੋਂ ਨੂੰ ਮੌਜੂਦਾ ਕੋਵਿਡ -19 ਮਹਾਂਮਾਰੀ ਵਿੱਚ ਹੋਏ ਜਾਨੀ ਨੁਕਸਾਨ 'ਤੇ ਆਪਣਾ ਅਫਸੋਸ ਪ੍ਰਗਟਾਇਆ। ਦੋਨਾਂ ਨੇਤਾਵਾਂ ਨੇ ਇਸ ਬਿਪਦਾ ਦੇ ਘਰੇਲੂ ਅਤੇ ਅੰਤਰਰਾਸ਼ਟਰੀ ਪਹਿਲੂਆਂ ਬਾਰੇ ਗੱਲਬਾਤ ਕੀਤੀ ਅਤੇ ਮੌਜੂਦਾ ਹਾਲਾਤ ਵਿੱਚ ਵਿਸ਼ਵਵਿਆਪੀ ਸਹਿਯੋਗ ਅਤੇ ਏਕਤਾ ਦੇ ਮਹੱਤਵ ਉੱਤੇ ਜ਼ੋਰ ਦਿੱਤਾ। ਉਨ੍ਹਾਂ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਦੋਨਾਂ ਦੇਸ਼ਾਂ ਦੀਆਂ ਮਾਹਰ ਟੀਮਾਂ ਵਾਇਰਸ ਦੇ ਫੈਲਾਮ ਦੀ ਰੋਕਥਾਮ ਦੇ ਉਪਾਵਾਂ, ਅਤੇ ਇਲਾਜ ਅਤੇ ਟੀਕਿਆਂ ਬਾਰੇ ਸ਼ੋਧ ਦੇ ਸੰਬੰਧ ਵਿੱਚ ਸਰਗਰਮੀ ਨਾਲ ਜਾਣਕਾਰੀ ਸਾਂਝੀਆਂ ਕਰਨਗੀਆਂ।

ਫਰਾਂਸੀਸੀ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਦੇ ਇਸ ਵਿਚਾਰ ਨਾਲ ਜ਼ੋਰਦਾਰ ਸਹਿਮਤੀ ਪ੍ਰਗਟਾਈ ਕਿ ਕੋਵਿਡ -19 ਸੰਕਟ ਅਜੋਕੇ ਇਤਿਹਾਸ 'ਚ ਇੱਕ ਮਹਤਵਪੂਰਨ ਮੋੜ ਹੈ, ਅਤੇ ਇਸ ਨਾਲ ਦੁਨੀਆਂ ਨੂੰ ਭੂਮੰਡਲੀਕਰਨ ਦੀ ਨਵੀ ਮੁਨੱਖ-ਕੇਂਦਰਤ ਧਾਰਣਾ ਘੜਨ ਦਾ ਮੌਕਾ ਮਿਲਿਆ ਹੈ।

ਦੋਨਾਂ ਨੇਤਾਵਾਂ ਨੇ ਮੌਸਮੀ ਤਬਦੀਲੀ ਵਰਗੇ ਹੋਰ ਅੰਤਰਰਾਸ਼ਟਰੀ ਮੁੱਦਿਆਂ, ਜੋ ਸਮੁੱਚੀ ਮਨੁੱਖਤਾ 'ਤੇ ਅਸਰ ਪਾਉਂਦੇ ਹਨ, ਦੀ ਅਣਗਹਿਲੀ ਨਾ ਕਰਨ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਉਨ੍ਹਾਂ ਨੇ ਮੌਜੂਦਾ ਬਿਪਦਾ ਦੌਰਾਨ ਅਫਰੀਕੀ ਦੇਸ਼ਾਂ ਸਮੇਤ ਘੱਟ ਵਿਕਸਤ ਦੇਸ਼ਾਂ ਦੀ ਲੋੜਾਂ ਵੱਲ ਖਾਸ ਧਿਆਨ ਦੇਣ ਦੀ ਜ਼ਰੂਰਤ ’ਤੇ ਵੀ ਜ਼ੋਰ ਦਿੱਤਾ।

ਮਹਾਮਹਿਮ ਰਾਸ਼ਟਰਪਤੀ ਮੈਕਰੋਂ ਨੇ ਪ੍ਰਧਾਨ ਮੰਤਰੀ ਦੇ ਇਸ ਸੁਝਾਅ ਦਾ ਨਿੱਘਾ ਸਵਾਗਤ ਕੀਤਾ ਕਿ ਯੋਗ ਦਾ ਅਭਿਆਸ ਮਹਾਂਮਾਰੀ ਕਾਰਨ ਆਪਣੇ ਘਰਾਂ 'ਚ ਬੈਠੇ ਲੋਕਾਂ ਦੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਨੂੰ ਯਕੀਨੀ ਬਣਾਉਣ ਦਾ ਸੁਖਾਲਾ ਤਰੀਕਾ ਹੈ। ਉਨ੍ਹਾਂ ਨੇ ਇਸ ਗੱਲ ਦੀ ਤਸਦੀਕ ਕੀਤੀ ਕਿ ਮੌਜੂਦਾ ਸਿਹਤ ਸੰਕਟ ਦੌਰਾਨ ਫਰਾਂਸ ਵਿੱਚ ਯੋਗ ਬਹੁਤ ਸਾਰੇ ਨਵੇਂ ਅਭਿਆਸ ਕਰਨ ਵਾਲਿਆਂ ਨੂੰ ਆਪਣੇ ਵੱਲ ਖਿੱਚ ਰਿਹਾ ਹੈ।

ਦੋਨੋਂ ਨੇਤਾ ਇਸ ਗੱਲ 'ਤੇ ਸਹਿਮਤ ਸੀ ਕਿ ਭਾਰਤ-ਫਰਾਂਸ ਭਾਈਵਾਲੀ ਮੌਜੂਦਾ ਔਖੀ ਘੜੀ ਵਿੱਚ ਮਨੁੱਖ-ਕੇਂਦਰਤ ਏਕੇ ਦੇ ਜਜ਼ਬੇ ਨੂੰ ਹੋਰ ਅੱਗੇ ਵਧਾਉਣ ਵਿਚ ਯੋਗਦਾਨ ਪਾ ਸਕਦੀ ਹੈ।

ਨਵੀ ਦਿੱਲੀ
31 ਮਾਰਚ, 2020

DISCLAIMER : This is an approximate translation. The original is available in English on MEA’s website and may be referred to as the official press release.